Directorate of Education, GNCT of Delhi

Practice Paper

Mid Term

Session-2022-23

Class-IX

Subject-Punjabi (004)

ਸਮਾਂ-3 ਘੰਟੇ ਅੰਕ-80

ਆਮ ਨਿਰਦੇਸ਼-

- ਸਾਰੇ ਪ੍ਰਸ਼ਨ ਲਾਜ਼ਮੀ ਹਨ|
- ਪ੍ਰਸ਼ਨਾਂ ਵਿੱਚ ਦਿੱਤੀ ਚੋਣ ਨੂੰ ਧਿਆਨ ਨਾਲ ਦੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ|
- ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਪ੍ਰਸ਼ਨ-ਪੱਤਰ ਅਨੁਸਾਰ ਲਿਖਿਆ ਜਾਵੇ|
- ਉੱਤਰਾਂ ਨੂੰ ਧਿਆਨ ਨਾਲ ਉੱਤਰ ਸ਼ੀਟ ਉੱਤੇ ਦਰਜ ਕੀਤਾ ਜਾਵੇ|

ਭਾਗ- ੳ (ਪੜ੍ਹਨ-ਕੌਸ਼ਲ)

1) ਹੇਠ ਦਿੱਤੇ ਗਏ ਅਣਡਿੱਠੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ| (2+2+2+1=7)

ਅਧਿਆਪਕ ਸਮਾਜ ਦਾ ਇੱਕ ਮਹੱਤਵਪੂਰਨ ਥੰਮ ਹੈ|ਇੱਕ ਅਧਿਆਪਕ ਆਪਣੀ ਪੂਰੀ ਜ਼ਿੰਦਗੀ ਆਪਣੇ ਵਿਦਿਆਰਥੀਆਂ ਨੂੰ ਸਿਖਾਉਣ ਵਿੱਚ ਗੁਜ਼ਾਰਦਾ ਹੈ|ਅਧਿਆਪਕ ਹੀ ਦੇਸ਼ ਦੀ ਸਾਖਰਤਾ ਦਰ ਨੂੰ ਵਧਾਉਣ ਵਿੱਚ ਯੋਗਦਾਨ ਦਿੰਦਾ ਹੈ|ਵਿਸ਼ਵ ਦੇ ਹਰ ਦੇਸ਼ ਨੇ ਅਧਿਆਪਕ ਨੂੰ ਸਨਮਾਨ ਦੇਣ ਲਈ ਇੱਕ ਦਿਨ ਸਮਰਪਿਤ ਕੀਤਾ ਹੋਇਆ ਹੈ|ਸਾਡੇ ਦੇਸ਼ ਦੇ ਦੂਜੇ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦੇ ਜਨਮ ਦਿਨ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ|ਭਾਰਤ ਵਿੱਚ ਪਹਿਲਾ ਅਧਿਆਪਕ ਦਿਵਸ 5 ਸਤੰਬਰ 1962 ਨੂੰ ਮਨਾਇਆ ਗਿਆ|ਅਧਿਆਪਕ ਦਿਵਸ ਮਨਾਉਣ ਦਾ ਮਕਸਦ ਆਪਣੇ ਅਧਿਆਪਕਾਂ ਦੀ ਦੇਣ ਅਤੇ ਮਾਰਗ-ਦਰਸ਼ਨ ਲਈ ਉਹਨਾਂ ਦਾ ਧੰਨਵਾਦ ਕਰਨਾ ਹੈ|ਇੱਕ ਅਧਿਆਪਕ ਅਕਾਦਮਿਕ ਦੇ ਨਾਲ-ਨਾਲ ਨੈਤਿਕ ਗਿਆਨ ਵੀ ਪ੍ਰਦਾਨ ਕਰਦਾ ਹੈ ਅਤੇ ਸੰਸਾਰ ਨੂੰ ਸਮਝਣ ਵਿੱਚ ਮਾਰਗ-ਦਰਸ਼ਨ ਕਰਦਾ ਹੈ|ਅਧਿਆਪਕ ਦੀ ਸਮਾਜ ਨੂੰ ਦੇਣ ਅਣਮੁੱਲੀ ਹੈ|ਮਾਪਿਆਂ ਤੋਂ ਬਾਅਦ ਅਧਿਆਪਕ ਹੀ ਬੱਚਿਆਂ ਦੀ ਜ਼ਿੰਦਗੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ

ਹੈ|ਇਸ ਵਿੱਚ ਵੀ ਕੋਈ ਅਤਿਕਥਨੀ ਨਹੀਂ ਕਿ ਇੱਕ ਅਧਿਆਪਕ ਹੀ ਸਾਡੇ ਭਵਿੱਖ ਨੂੰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ|ਇੱਕ ਅਧਿਆਪਕ ਹੀ ਵਿਦਿਆਰਥੀ ਦੇ ਅੰਦਰ ਦੀਆਂ ਛੁਪੀਆਂ ਹੋਈਆਂ ਪ੍ਰਤਿਭਾਵਾਂ ਨੂੰ ਬਾਹਰ ਨਿਕਾਲਦਾ ਅਤੇ ਸਵਾਰਦਾ ਹੈ|ਅਧਿਆਪਕ ਵਿਦਿਆਰਥੀਆਂ ਲਈ ਆਦਰਸ਼ ਹੁੰਦੇ ਹਨ|ਅਧਿਆਪਕ ਸਹੀ ਅਰਥਾਂ ਵਿੱਚ ਦੇਸ਼ ਨਿਰਮਾਤਾ ਦੀ ਭੂਮਿਕਾ ਨਿਭਾਉਂਦਾ ਹੈ|ਅਧਿਆਪਨ ਹੀ ਅਜਿਹਾ ਕਿੱਤਾ ਹੈ ਜਿਸ ਨਾਲ ਸਾਰੇ ਕਿੱਤੇ ਜੁੜੇ ਹੋਏ ਹਨ|ਅਧਿਆਪਕ ਦਿਵਸ ਮਨਾਉਣਾ ਅਧਿਆਪਕ ਨੂੰ ਉਸਦੀ ਦੇਣ ਲਈ ਧੰਨਵਾਦ ਦੇਣ ਦਾ ਇੱਕ ਮੌਕਾ ਹੈ|

i) ਅਧਿਆਪਕ ਆਪਣੀ ਪੂਰੀ ਜ਼ਿੰਦਗੀ ਕਿਵੇਂ ਗੁਜ਼ਾਰਦਾ ਹੈ?

ii) ਭਾਰਤ ਵਿੱਚ ਅਧਿਆਪਕ ਦਿਵਸ ਕਦੋਂ ਮਨਾਇਆ ਜਾਂਦਾ ਹੈ?

iii) ਅਧਿਆਪਕ ਦਿਵਸ ਮਨਾਉਣ ਦਾ ਕੀ ਮਕਸਦ ਹੈ?

iv) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ|

2) ਹੇਠ ਦਿੱਤੀ ਅਣਡਿੱਠੀ ਕਾਵਿ ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ| 3x1=3

ਦੇਖਣ ਸਾਰੇ ਇੱਧਰ-ਉਧਰ,

ਆਪਣੇ ਅੰਦਰ ਦੇਖੇ ਕੌਣ|

ਲੱਭ ਰਹੇ ਦੁਨੀਆਂ ਵਿੱਚ ਕਮੀਆਂ,

ਆਪਣੇ ਅੰਦਰ ਲੱਭੇ ਕੌਣ|

ਦੁਨੀਆ ਸੁਧਰੇ ਹਰ ਕੋਈ ਆਖੇ’

ਆਪਣਾ ਆਪ ਸੁਧਾਰੇ ਕੌਣ|

ਖੁਦ ਸੁਧਰੇ ਤਾਂ ਜਗ ਸੁਧਰੇਗਾ,

ਸਿੱਧੀ ਗੱਲ ਸੁਣਾਵੇ ਕੌਣ|

i) ਸਾਰੇ ਲੋਕ ਕਿੱਧਰ ਦੇਖ ਰਹੇ ਹਨ?

ii) ਸਾਰੇ ਕਿਸ ਵਿੱਚ ਕਮੀਆਂ ਲੱਭ ਰਹੇ ਹਨ?

iii) ਇਸ ਕਾਵਿ ਟੁਕੜੀ ਵਿੱਚ ਕਿਸਦੇ ਸੁਧਰਨ ਦੀ ਗੱਲ ਕੀਤੀ ਗਈ ਹੈ?

## ਭਾਗ-ਅ (ਵਿਆਕਰਨ)

3)ਵਿਰੋਧੀ ਸ਼ਬਦਾਂ ਨਾਲ ਸੰਬੰਧਤ ਬਹੁ-ਵਿਕਲਪੀ ਪ੍ਰਸ਼ਨ (ਕੋਈ ਤਿੰਨ) 3x1=3

i) ‘ਲਾਭ’ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਸਸਤਾ ਅ) ਖਾਸ

ੲ) ਹਾਨੀ ਸ) ਮਹਿੰਗਾ

ii)’ਕੱਚਾ’ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਸੁੱਕਾ ਅ) ਖਰਾਬ

ੲ) ਖੱਟਾ ਸ) ਪੱਕਾ

iii)’ਨਫ਼ਰਤ’ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਪਿਆਰ ਅ) ਦੁਸ਼ਮਣੀ

ੲ) ਜੰਗ ਸ) ਬੇਈਮਾਨੀ

iv)’ਗੁਲਾਮੀ’ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਮਜਬੂਰੀ ਅ) ਅਜ਼ਾਦੀ

ੲ) ਅਧੀਨਤਾ ਸ) ਨੌਕਰੀ

4) ਲਿੰਗ ਬਦਲੋ ਨਾਲ ਸੰਬੰਧਤ ਬਹੁ-ਵਿਕਲਪੀ ਪ੍ਰਸ਼ਨ (ਕੋਈ ਤਿੰਨ) 3x1=3

i)’ਸੇਠ’ ਸ਼ਬਦ ਦਾ ਸਹੀ ਇਸਤਰੀ ਲਿੰਗ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਮਾਲਕ ਅ) ਸੇਠੀ

ੲ) ਨੌਕਰ ਸ) ਸੇਠਾਣੀ

ii)’ਰਾਜਾ’ ਸ਼ਬਦ ਦਾ ਸਹੀ ਇਸਤਰੀ ਲਿੰਗ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਪਰਜਾ ਅ) ਰਾਜੇ

ੲ) ਰਾਣੀ ਸ) ਜਾਗੀਰਦਾਰ

iii)’ਮੁੰਡਾ’ ਸ਼ਬਦ ਦਾ ਸਹੀ ਇਸਤਰੀ ਲਿੰਗ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਮੁੰਡੇ ਅ) ਕੁੜੀ

ੲ) ਲੜਕਾ ਸ) ਇਹਨਾਂ ਵਿੱਚੋਂ ਕੋਈ ਨਹੀਂ

iv)’ਨਾਨਾ’ ਸ਼ਬਦ ਦਾ ਸਹੀ ਇਸਤਰੀ ਲਿੰਗ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਦਾਦਾ ਅ) ਮਾਮਾ

ੲ) ਨਾਨੀ ਸ) ਨਾਨਕੇ

5) ਵਿਸਮਿਕ ਨਾਲ ਸੰਬੰਧਤ ਬਹੁ-ਵਿਕਲਪੀ ਪ੍ਰਸ਼ਨ (ਕੋਈ ਤਿੰਨ) 3x1=3

i) ਬੱਲੇ-ਬੱਲੇ! ਵਿਸਮਿਕ ਦੀ ਸਹੀ ਕਿਸਮ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਸ਼ੋਕਵਾਚਕ ਅ) ਫਿਟਕਾਰਵਾਚਕ

ੲ) ਖੁਸ਼ੀਵਾਚਕ ਸ) ਇਹਨਾਂ ਵਿੱਚੋਂ ਕੋਈ ਨਹੀਂ

ii) ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ? ਹੇਠ ਦਿੱਤੇ ਵਿਕਲਪਾਂ ਅਨੁਸਾਰ ਚੁਣੋ|

ੳ) ਤਿੰਨ ਅ) ਦਸ

ੲ) ਪੰਜ ਸ) ਸੱਤ

iii) ਸੰਬੋਧਨੀ ਵਿਸਮਿਕ ਦੀ ਸਹੀ ਉਦਾਹਰਨ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਹੋਸ਼ ਅ) ਨੀ ਕੁੜੀਏ

ੲ) ਆਓ ਜੀ ਸ) ਖੁਸ਼ ਰਹੋ

iv) ਵਿਸਮਿਕ ਕਿਸਨੂੰ ਆਖਦੇ ਹਨ? ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ|

ੳ) ਸ਼ਬਦਾਂ ਦੇ ਪੁਲਿੰਗ ਤੇ ਇਸਤਰੀ ਲਿੰਗ ਰੂਪ ਨੂੰ

ਅ) ਇੱਕ-ਦੂਜੇ ਤੋਂ ਉਲਟ ਅਰਥ ਰੱਖਣ ਵਾਲੇ ਸ਼ਬਦਾਂ ਨੂੰ

ੲ) ਨਾਂਵ ਤੇ ਪੜਨਾਂਵ ਦੇ ਗੁਣ-ਔਗੁਣ ਦੱਸਣ ਵਾਲੇ ਸ਼ਬਦਾਂ ਨੂੰ

ਸ) ਮਨ ਦੀ ਖੁਸ਼ੀ,ਗਮੀ,ਹੈਰਾਨੀ ਆਦਿ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਸ਼ਬਦਾਂ ਨੂੰ

6) ਹੇਠ ਲਿਖੇ ਵਾਕਾਂ ਵਿੱਚੋਂ ਅਸ਼ੁੱਧ ਸ਼ਬਦ ਨੂੰ ਸ਼ੁੱਧ ਕਰਕੇ ਲਿਖੋ|(ਕੋਈ ਤਿੰਨ) 3x1=3

i) ਮੋਹਨ ਸਕੁਲ ਜਾਂਦਾ ਹੈ|

ii) ਬੱਚੇ ਪਾਰਕ ਵਿੱਚ ਖੇਡ ਰੇਹੈ ਸਨ|

iii) ਵਿਦਿਆਰਥੀ ਜਾਮਤ ਵਿੱਚ ਬੈਠੇ ਹਨ|

iv) ਮੈਨੂੰ ਪੰਜਾਬੀ ਭਾਸ਼ਾ ਪੜ੍ਹਨਾ ਚੰਗਾ ਲੱਗਦਾ ਹੈ|

7) ਕਿਰਿਆ (ਛੋਟੇ ਉੱਤਰ ਵਾਲੇ ਕੋਈ ਚਾਰ ਪ੍ਰਸ਼ਨ) 4x1=4

i) ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

ii) ਗੁਰਮੀਤ ਹਾਕੀ ਖੇਡਦਾ ਹੈ|ਵਾਕ ਵਿੱਚ ਕਿਰਿਆ ਦੀ ਕਿਹੜੀ ਕਿਸਮ ਹੈ?

iii) ਕਿਰਿਆ ਦੀ ਪਰਿਭਾਸ਼ਾ ਲਿਖੋ|

iv) ਅਧਿਆਪਕ ਪੜ੍ਹਾਉਂਦਾ ਹੈ|ਵਾਕ ਵਿੱਚ ਕਿਰਿਆ ਦੀ ਕਿਹੜੀ ਕਿਸਮ ਹੈ?

v) ਸਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ|

8) ਮੁਹਾਵਰੇ (ਕੋਈ ਚਾਰ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ) 4x1=4

ਉੱਚਾ-ਨੀਵਾਂ ਬੋਲਣਾ,ਆਪਣੇ ਮੂੰਹ ਮੀਆਂ ਮਿੱਠੂ ਬਣਨਾ,ਇੱਕ-ਮੁੱਠ ਹੋਣਾ,ਸੁੱਖ ਦੀ ਨੀਂਦ ਸੌਣਾ,ਸਿਰ ਖਾਣਾ,ਹੱਥ ਤੰਗ ਹੋਣਾ

## ਭਾਗ- ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

9) ਹੇਠ ਲਿਖੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਗਏ ਨੁਕਤਿਆਂ ਦੀ ਸਹਾਇਤਾ ਨਾਲ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ| 8x1=8

ਵਿਸਾਖੀ ਦਾ ਮੇਲਾ

ਨੁਕਤੇ: ਭੂਮਿਕਾ

ਫ਼ਸਲਾਂ ਦਾ ਪੱਕਣਾ

ਖਾਲਸਾ ਪੰਥ ਦੀ ਸਥਾਪਨਾ

ਜਲਿਆਂਵਾਲੇ ਵਾਲੇ ਬਾਗ ਦੀ ਘਟਨਾ

ਮੇਲੇ ਦਾ ਦ੍ਰਿਸ਼

ਲੋਕਾਂ ਦੀ ਮੇਲੇ ਲਈ ਤਿਆਰੀ

ਬੱਚਿਆਂ ਦੀ ਖੁਸ਼ੀ

ਸਿੱਟਾ

## ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ

ਨੁਕਤੇ: ਭੂਮਿਕਾ

ਕੌੜਾ ਬੋਲਣ ਦੇ ਨਤੀਜੇ

ਮਿੱਠਾ ਬੋਲਣ ਦੇ ਲਾਭ

ਨਿਮਰਤਾ ਗੁਣਾਂ ਦੀ ਖਾਣ

ਨਿਮਰਤਾ ਪ੍ਰਾਪਤ ਕਰਨ ਲਈ ਯਤਨ

ਗੁੱਸਾ ਹਾਨੀਕਾਰਕ ਹੈ

ਮਿਠਾਸ ਕਿਵੇਂ ਧਾਰੀਏ

ਸਿੱਟਾ

## ਹਾਏ ਮਹਿੰਗਾਈ

ਨੁਕਤੇ: ਭੂਮਿਕਾ

ਕਾਰਨ

ਆਮ ਆਦਮੀ ਉੱਤੇ ਅਸਰ

ਕਾਲਾ ਬਜ਼ਾਰੀ

ਘੱਟ ਆਮਦਨੀ

ਨਤੀਜੇ

ਉਪਾਅ

ਸਿੱਟਾ

## 10) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉਤੇ ਦਿੱਤੇ ਗਏ ਨੁਕਤਿਆਂ ਦੇ ਆਧਾਰ 'ਤੇ ਪੱਤਰ-ਰਚਨਾ ਲਿਖੋ| 7x1=7

ਆਪਣੇ ਛੋਟੇ ਭਰਾ ਨੂੰ ਕੰਪਿਊਟਰ ਦੀ ਮਹੱਤਤਾ ਦੱਸਦੇ ਹੋਏ ਕੰਪਿਊਟਰ ਸਿੱਖਣ ਲਈ ਪ੍ਰੇਰਣਾ ਦਿੰਦੇ ਹੋਏ ਪੱਤਰ ਲਿਖੋ|

ਨੁਕਤੇ: ਆਦਿ (ਪਤਾ ਤੇ ਮਿਤੀ)

ਮੱਧ (ਵਿਸ਼ਾ ਵਸਤੂ)

ਅੰਤ (ਅੰਤਲਾ ਭਾਗ)

ਜਾਂ

ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਬੇਨਤੀ ਪੱਤਰ ਲਿਖੋ|

ਨੁਕਤੇ: ਆਦਿ (ਸੰਬੋਧਨੀ ਸ਼ਬਦ )

ਮੱਧ (ਵਿਸ਼ਾ ਤੇ ਵਿਸ਼ਾ ਵਸਤੂ)

ਅੰਤ (ਅੰਤਲਾ ਭਾਗ)

11) ਹੇਠ ਦਿੱਤੀ ਤਸਵੀਰ/ਫੋਟੋ ਦਾ ਵਰਨਣ 50 ਸ਼ਬਦਾਂ ਵਿੱਚ ਲਿਖੋ| 5



ਨੋਟ- ਹੇਠ ਦਿੱਤਾ ਗਿਆ ਪ੍ਰਸ਼ਨ ਕੇਵਲ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ|

ਫਾਸਟ ਫੂਡ ਦਾ ਬੱਚਿਆਂ ਦੀ ਸਿਹਤ ਉੱਤੇ ਕਿਹੋ ਜਿਹਾ ਅਸਰ ਹੋ ਰਿਹਾ ਹੈ? ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ|

ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ)

12) ਅਤਿ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ੳ) ਕਹਾਣੀ ਤੇ ਵਾਰਤਕ ਵਿੱਚੋਂ (ਬਹੁਵਿਕਲਪੀ) 5x1=5

i) 'ਵਹਿਮੀ ਤਾਇਆ'ਪਾਠ ਅਨੁਸਾਰ ਕਿਸ ਚੀਜ਼ ਦਾ ਇਲਾਜ ਨਹੀਂ ਹੈ? ਹੇਠ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਕੁੱਤੇ ਦੇ ਵੱਢਣ ਦਾ ਅ) ਕੀਟਾਣੂ ਚਿੰਬੜਨ ਦਾ

ੲ) ਬੁਖਾਰ ਹੋਣ ਦਾ ਸ) ਵਹਿਮ ਦਾ

ii) 'ਵਹਿਮੀ ਤਾਇਆ'ਪਾਠ ਵਿੱਚ ਤਾਏ ਦਾ ਕੀ ਨਾਂ ਸੀ? ਹੇਠ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਤਾਇਆ ਮਨਸਾ ਰਾਮ ਅ) ਤਾਇਆ ਹਰਬੰਸ ਲਾਲ

ੲ) ਤਾਇਆ ਜਗਤ ਰਾਮ n ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

iii) 'ਮੁੜ ਵੇਖਿਆ ਪਿੰਡ' ਪਾਠ ਦੇ ਲੇਖਕ ਦਾ ਨਾਂ ਹੇਠ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਕਰਤਾਰ ਸਿੰਘ ਦੁੱਗਲ ਅ) ਬਲਰਾਜ ਸਾਹਨੀ

ੲ) ਰਾਜ ਕਪੂਰ ਸ) ਭਾਈ ਵੀਰ ਸਿੰਘ

iv) ਲੇਖਕ ਆਪਣਾ ਘਰ ਦੇਖ ਕੇ ਕਿਸਨੂੰ ਯਾਦ ਕਰਕੇ ਰੋਣ ਲੱਗਦਾ ਹੈ? ਹੇਠ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਮਰ ਚੁੱਕੀ ਮਾਂ ਨੂੰ ਅ) ਮਰ ਚੁੱਕੀ ਚਾਚੀ ਨੂੰ

ੲ) ਮਰ ਚੁੱਕੀ ਦਾਦੀ ਨੂੰ ਸ) ਮਰ ਚੁੱਕੀ ਭੈਣ ਨੂੰ

v) ਜੁਗਲ ਪ੍ਰਸ਼ਾਦ ਦੀ ਤਨਖਾਹ ਕਿੰਨੇ ਰੁਪਏ ਵਧੀ ਸੀ? ਹੇਠ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਪੰਜ ਰੁਪਏ ਅ) ਦਸ ਰੁਪਏ

ੲ) ਪੰਜਾਹ ਰੁਪਏ ਸ) ਵੀਹ ਰੁਪਏ

### ਅ) ਕਵਿਤਾ ਤੇ ਇਕਾਂਗੀ ਵਿੱਚੋਂ(ਇੱਕ ਸ਼ਬਦ ਵਾਲੇ ਪ੍ਰਸ਼ਨ) 5x1=5

i) ਸਮੇਂ ਨੂੰ ਕਿਹੜੀ ਜਾਚ ਨਹੀਂ ਹੈ?

ii) ਕਿਹੜਾ ਸਮਾਂ ਮੁੜ ਕੇ ਨਹੀਂ ਆਉਂਦਾ?

iii) ਵਿਸਾਖੀ ਦਾ ਮੇਲਾ ਕਿਥੋਂ ਤੱਕ ਫੈਲਿਆ ਹੋਇਆ ਹੈ?

iv) 'ਮੌਨਧਾਰੀ' ਇਕਾਂਗੀ ਕਿਸ ਦੁਆਰਾ ਲਿਖੀ ਗਈ ਹੈ?

v) 'ਮੌਨਧਾਰੀ' ਇਕਾਂਗੀ ਵਿੱਚਲਾ ਪਾਤਰ ਹਰੀ ਚੰਦ ਕੌਣ ਹੈ?

13) ਕਹਾਣੀ ਤੇ ਇਕਾਂਗੀ ਵਿੱਚੋਂ( ਛੋਟੇ ਉੱਤਰਾਂ ਵਾਲੇ ਪ੍ਰਸ਼ਨ ਦਾ ਉੱਤਰ 25-30 ਸ਼ਬਦਾਂ ਵਿੱਚ)

4x2=8

i) ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜੀ ਸਕੂਲ ਵਿੱਚ ਦਾਖਲ ਕਿਉਂ ਕਰਵਾਉਣਾ ਚਾਹੁੰਦਾ ਸੀ? (ਜਨਮਦਿਨ ਕਹਾਣੀ)

ii) ਤਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ? (ਜਨਮਦਿਨ ਕਹਾਣੀ)

iii) ਡਾਕਟਰ ਨੇ ਹਰੀ ਰਾਮ ਨੂੰ ਕਿਹੜੀਆਂ-ਕਿਹੜੀਆਂ ਬਿਮਾਰੀਆਂ ਦੱਸੀਆਂ ਹਨ? (ਮੌਨਧਾਰੀ ਇਕਾਂਗੀ)

iv) ਸਾਧੂ ਅਨੁਸਾਰ ਧੰਨ ਕਿਸ ਲਈ ਹੁੰਦਾ ਹੈ? (ਮੌਨਧਾਰੀ ਇਕਾਂਗੀ)

14) ਕਵਿਤਾ ਤੇ ਵਾਰਤਕ ਵਿੱਚੋਂ (ਕੋਈ ਦੋ ਪ੍ਰਸ਼ਨ ਹੱਲ ਕਰੋ ) ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ| 2x4=8

i) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਵੀ ਨੇ ਮੇਲੇ ਦਾ ਜੋ ਚਿੱਤਰ ਪੇਸ਼ ਕੀਤਾ ਹੈ| ਉਸਨੂੰ 50-60 ਸ਼ਬਦਾਂ ਵਿੱਚ ਲਿਖੋ|

ii) 'ਵਹਿਮੀ ਤਾਇਆ' ਪਾਠ ਵਿੱਚ ਤਾਏ ਦੇ ਕੁੱਝ ਦਿਲਚਸਪ ਵਹਿਮਾਂ ਬਾਰੇ ਲਿਖੋ|

iii) ਲੇਖਕ ਆਪਣੇ ਘਰ ਨੂੰ ਵੇਖਣ ਸਮੇਂ ਕਿਉਂ ਆਪਾ ਗੁਆ ਬੈਠਿਆ?

15) ਇਕਾਂਗੀ 'ਚੋਂ ਵੱਡੇ ਉੱਤਰਾਂ ਵਾਲੇ ਚੋਣ ਅਧਾਰਤ ਪ੍ਰਸ਼ਨ (ਉੱਤਰ 50-60 ਸ਼ਬਦਾਂ ਵਿੱਚ)

1x4=4

ਮਦਨ ਲਾਲ ਦਾ ਪਾਤਰ-ਚਿਤਰਨ ਕਰੋ|

ਜਾਂ

ਪੁੱਤਰ ਪਿਤਾ ਨੂੰ ਕੀ ਸਮਝਾ ਚੁੱਕਾ ਹੈ?